| English | Punjabi (Indian script) / ਪੰਜਾਬੀ |
|---|---|
| **Coronavirus (COVID-19): Get a test if you do not have symptoms** | **ਕੋਰੋਨਾਵਾਇਰਸ (COVID-19): ਜੇ ਤੁਹਾਨੂੰ ਲੱਛਣ ਨਹੀਂ ਹਨ ਤਾਂ ਇੱਕ ਟੈਸਟ ਕਰੋ** |
| Free, fast and regular testing for people who do not have symptoms of coronavirus (COVID-19) is available to everyone in Scotland.<br><br>Around 1 in 3 people with coronavirus do not show symptoms, so can spread the virus to others without knowing.<br><br>Regular testing helps us to find positive cases in people who have no symptoms, but who are still infectious. If people who test positive self-isolate, we can break chain of transmission and help limit the spread of coronavirus.<br><br>A negative lateral flow device (LFD) test does not guarantee that you do not have coronavirus. You must continue to follow the latest government advice and restrictions in place in your area. | ਉਹਨਾਂ ਲੋਕਾਂ ਲਈ ਮੁਫਤ, ਤੇਜ਼ ਅਤੇ ਨਿਯਮਤ ਟੈਸਟਿੰਗ ਜਿਹਨਾਂ ਨੂੰ ਕੋਰੋਨਾਵਾਇਰਸ (COVID-19) ਦੇ ਲੱਛਣ ਨਹੀਂ ਹਨ ਸਕੌਟਲੈਂਡ ਵਿੱਚ ਹਰੇਕ ਲਈ ਉਪਲਬਧ ਹੈ।<br><br>ਕੋਰੋਨਾਵਾਇਰਸ ਵਾਲੇ ਲਗਭਗ 3 ਵਿੱਚੋਂ 1 ਵਿਅਕਤੀ ਨੂੰ ਲੱਛਣ ਨਹੀਂ ਹੁੰਦੇ ਹਨ, ਇਸ ਲਈ ਜਾਣੇ ਬਗੈਰ ਦੂਸਰਿਆਂ ਨੂੰ ਵਾਇਰਸ ਫੈਲਾ ਸਕਦੇ ਹਨ।<br><br>ਨਿਯਮਤ ਟੈਸਟਿੰਗ ਅਜਿਹੇ ਲੋਕਾਂ ਵਿੱਚ ਪਾਜ਼ੀਟਿਵ ਮਾਮਲੇ ਲੱਭਣ ਵਿੱਚ ਸਾਡੀ ਸਹਾਇਤਾ ਕਰਦੀ ਹੈ ਜਿਨ੍ਹਾਂ ਨੂੰ ਕੋਈ ਲੱਛਣ ਨਹੀਂ ਹੁੰਦੇ ਹਨ, ਪਰ ਜਿਹੜੇ ਅਜੇ ਵੀ ਸੰਕ੍ਰਮਿਤ ਹਨ। ਜੇ ਪਾਜ਼ੀਟਿਵ ਟੈਸਟ ਵਾਲੇ ਲੋਕ ਖੁਦ ਨੂੰ ਵੱਖ ਕਰਦੇ ਹਨ, ਤਾਂ ਅਸੀਂ ਸੰਚਾਰ ਦੀ ਲੜੀ ਨੂੰ ਤੋੜ ਸਕਦੇ ਹਾਂ ਅਤੇ ਕੋਰੋਨਾਵਾਇਰਸ ਦੇ ਫੈਲਾਅ ਨੂੰ ਸੀਮਤ ਕਰਨ ਵਿੱਚ ਸਹਾਇਤਾ ਕਰ ਸਕਦੇ ਹਾਂ।<br><br>ਨੈਗੇਟਿਵ ਲੇਟਰਲ ਫਲੋ ਡਿਵਾਈਸ (LFD) ਟੈਸਟ ਇਸ ਦੀ ਗਰੰਟੀ ਨਹੀਂ ਕਰਦਾ ਹੈ ਕਿ ਤੁਹਾਨੂੰ ਕੋਰੋਨਾਵਾਇਰਸ ਨਹੀਂ ਹੈ। ਤੁਹਾਨੂੰ ਨਵੀਨਤਮ ਸਰਕਾਰੀ ਸਲਾਹ ਅਤੇ ਆਪਣੇ ਖੇਤਰ ਵਿੱਚ ਲਾਗੂ ਪਾਬੰਦੀਆਂ ਦੀ ਪਾਲਣਾ ਕਰਨਾ ਜਾਰੀ ਰੱਖਣਾ ਚਾਹੀਦਾ ਹੈ। |
| **What test you'll be offered** | **ਤੁਹਾਨੂੰ ਕਿਹੜੇ ਟੈਸਟ ਦੀ ਪੇਸ਼ਕਸ਼ ਕੀਤੀ ਜਾਵੇਗੀ** |

| | |
|---|---|
| The test mainly being used for people without symptoms is an LFD test.<br><br>LFD tests detect proteins in coronavirus. They’re simple and quick to use, so are sometimes called rapid tests. | ਬਿਨਾਂ ਲੱਛਣਾਂ ਵਾਲੇ ਲੋਕਾਂ ਲਈ ਮੁੱਖ ਤੌਰ ‘ਤੇ ਵਰਤਿਆ ਜਾ ਰਿਹਾ ਟੈਸਟ ਇੱਕ LFD ਟੈਸਟ ਹੁੰਦਾ ਹੈ।<br><br>LFD ਟੈਸਟ ਕੋਰੋਨਾਵਾਇਰਸ ਵਿੱਚ ਮੌਜੂਦ ਪ੍ਰੋਟੀਨਾਂ ਦਾ ਪਤਾ ਲੱਗਾਉਂਦੇ ਹਨ। ਉਹ ਵਰਤੋਂ ਵਿੱਚ ਅਸਾਨ ਅਤੇ ਤੇਜ਼ ਹੁੰਦੇ ਹਨ, ਇਸ ਲਈ ਇਨ੍ਹਾਂ ਨੂੰ ਕਈ ਵਾਰ ਰੈਪਿਡ ਟੈਸਟ ਕਿਹਾ ਜਾਂਦਾ ਹੈ। |
| **Who can get a rapid LFD test**<br><br>Everyone in Scotland can do this type of test twice a week.<br><br>**If you have symptoms of coronavirus, do not use a rapid LFD test. Self-isolate immediately and book a PCR test instead.** | **ਇੱਕ ਰੈਪਿਡ LFD ਟੈਸਟ ਕੌਣ ਕਰਵਾ ਸਕਦਾ ਹੈ**<br><br>ਸਕੌਟਲੈਂਡ ਵਿੱਚ ਹਰ ਕੋਈ ਵਿਅਕਤੀ ਹਫ਼ਤੇ ਵਿੱਚ ਦੋ ਵਾਰ ਇਸ ਕਿਸਮ ਦਾ ਟੈਸਟ ਕਰ ਸਕਦਾ ਹੈ।<br><br>**ਜੇ ਤੁਹਾਨੂੰ ਕੋਰੋਨਾਵਾਇਰਸ ਦੇ ਲੱਛਣ ਹਨ, ਤਾਂ ਰੈਪਿਡ LFD ਟੈਸਟ ਦੀ ਵਰਤੋਂ ਨਾ ਕਰੋ। ਤੁਰੰਤ ਸਵੈ-ਏਕਾਂਤਵਾਸ ਵਿੱਚ ਚਲੇ ਜਾਓ ਅਤੇ ਇਸ ਦੀ ਬਜਾਇ ਇੱਕ PCR ਟੈਸਟ ਬੁੱਕ ਕਰੋ।** |
| **Children and young people**<br><br>You need to be aged 18 or over to collect or order the test kits.<br><br>Anyone aged 12 to 17 should ask an adult to collect or order a test kit for them. They should then self-test and report their result under adult supervision. We do not recommend regular testing for children who go to primary school, or who are younger than primary school age. | **ਬੱਚੇ ਅਤੇ ਨੌਜਵਾਨ ਲੋਕ**<br><br>ਟੈਸਟ ਕਿੱਟਾਂ ਲੈਣ ਜਾਂ ਆਰਡਰ ਕਰਨ ਲਈ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਲਾਜ਼ਮੀ ਹੈ। 12 ਤੋਂ 17 ਸਾਲ ਦੀ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਟੈਸਟ ਕਿੱਟ ਲੈਣ ਜਾਂ ਆਪਣੇ ਲਈ ਆਰਡਰ ਕਰਨ ਲਈ ਕਿਸੇ ਬਾਲਗ ਨੂੰ ਕਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਫਿਰ ਸਵੈ-ਜਾਂਚ ਕਰਨੀ ਚਾਹੀਦੀ ਹੈ ਅਤੇ ਬਾਲਗ ਦੀ ਨਿਗਰਾਨੀ ਹੇਠ ਆਪਣੇ ਨਤੀਜੇ ਦੀ ਸੂਚਨਾ ਦੇਣੀ ਚਾਹੀਦੀ ਹੈ। ਅਸੀਂ ਅਜਿਹੇ ਬੱਚਿਆਂ ਲਈ ਨਿਯਮਤ ਟੈਸਟਿੰਗ ਦੀ ਸਿਫਾਰਸ਼ ਨਹੀਂ ਕਰਦੇ ਹਾਂ ਜੋ ਪ੍ਰਾਇਮਰੀ ਸਕੂਲ ਜਾਂਦੇ ਹਨ, ਜਾਂ ਜੋ ਪ੍ਰਾਇਮਰੀ ਸਕੂਲ ਦੀ ਉਮਰ ਤੋਂ ਛੋਟੇ ਹਨ। |
| **You should not use a LFD test if you:**<br><br>• have coronavirus symptoms<br>• are self-isolating | **ਤੁਹਾਨੂੰ LFD ਟੈਸਟ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ ਜੇ ਤੁਹਾਨੂੰ:**<br><br>• ਕੋਰੋਨਾਵਾਇਰਸ ਦੇ ਲੱਛਣ ਹਨ<br>• ਆਪਣੇ ਆਪ ਨੂੰ ਸਵੈ=ਏਕਾਂਤਵਾਸ ਵਿੱਚ ਰੱਖ ਰਹੇ ਹੋ<br>• ਪਿਛਲੇ 90 ਦਿਨਾਂ ਵਿੱਚ ਕੋਰੋਨਾਵਾਇਰਸ ਲਈ ਟੈਸਟ ਪਾਜ਼ੀਟਿਵ ਆਇਆ ਹੈ |

| | |
|---|---|
| • have tested positive for coronavirus in the last 90 days<br>• need to take a test for international travel<br><br>**If you currently get LFD tests from your nursery or childcare provider, school, college, university or workplace, you should continue to do so**. | • ਅੰਤਰਰਾਸ਼ਟਰੀ ਯਾਤਰਾ ਲਈ ਇੱਕ ਟੈਸਟ ਕਰਾਉਣ ਦੀ ਲੋੜ ਹੈ<br><br>**ਜੇ ਤੁਸੀਂ ਇਸ ਸਮੇਂ ਆਪਣੀ ਨਰਸਰੀ ਜਾਂ ਬਾਲ ਦੇਖਭਾਲ ਪ੍ਰਦਾਤਾ, ਸਕੂਲ, ਕਾਲਜ, ਯੂਨੀਵਰਸਿਟੀ ਜਾਂ ਕਾਰਜਸਥਾਨ ਤੋਂ LFD ਟੈਸਟ ਕਰਵਾਉਂਦੇ ਹੋ, ਤਾਂ ਤੁਹਾਨੂੰ ਅਜਿਹਾ ਕਰਨਾ ਜਾਰੀ ਰੱਖਣਾ ਚਾਹੀਦਾ ਹੈ।** |
| **How to get a test**<br><br>Use the guide on NHS inform to find out how to get tested for coronavirus.<br><br>If you cannot place an order online, phone 119. | **ਟੈਸਟ ਕਿਵੇਂ ਕਰਵਾਈਏ**<br><br>ਕੋਰੋਨਾਵਾਇਰਸ ਦੀ ਜਾਂਚ ਕਰਾਉਣ ਦੇ ਤਰੀਕੇ ਬਾਰੇ ਪਤਾ ਲਗਾਉਣ ਲਈ NHS inform ਗਾਈਡ ਦੀ ਵਰਤੋਂ ਕਰੋ। |
| **Order rapid LFD tests to do at home**<br><br>You can order LFD tests to be sent your home.<br><br>Your order will contain one pack of seven LFD tests. It'll be delivered to your home in one to two days. You can order one pack per household per day.<br><br>If you're ordering for another household as well as your own, you should:<br>• complete a separate order<br>• use their personal details | **ਘਰ ਵਿੱਚ ਕਰਨ ਲਈ ਰੈਪਿਡ LFD ਟੈਸਟਾਂ ਦਾ ਆਰਡਰ ਕਰੋ**<br><br>ਤੁਸੀਂ ਆਪਣੇ ਘਰ ਭੇਜਣ ਲਈ LFD ਟੈਸਟਾਂ ਦਾ ਆਰਡਰ ਕਰ ਸਕਦੇ ਹੋ।<br><br>ਤੁਹਾਡੇ ਆਰਡਰ ਵਿੱਚ ਸੱਤ LFD ਟੈਸਟਾਂ ਦਾ ਇੱਕ ਪੈਕ ਹੋਵੇਗਾ। ਇਹ ਇੱਕ ਤੋਂ ਦੋ ਦਿਨਾਂ ਵਿੱਚ ਤੁਹਾਡੇ ਘਰ ਸਪੁਰਦ ਕੀਤਾ ਜਾਵੇਗਾ। ਤੁਸੀਂ ਪ੍ਰਤੀ ਦਿਨ ਪ੍ਰਤੀ ਘਰ ਇੱਕ ਪੈਕ ਆਰਡਰ ਕਰ ਸਕਦੇ ਹੋ।<br><br>ਜੇ ਤੁਸੀਂ ਕਿਸੇ ਹੋਰ ਘਰ ਲਈ ਅਤੇ ਨਾਲ ਹੀ ਆਪਣੇ ਖੁਦ ਲਈ ਵੀ ਆਰਡਰ ਕਰ ਰਹੇ ਹੋ, ਤਾਂ ਤੁਹਾਨੂੰ:<br>• ਇੱਕ ਵੱਖਰਾ ਆਰਡਰ ਪੂਰਾ ਕਰਨਾ ਚਾਹੀਦਾ ਹੈ<br>• ਉਹਨਾਂ ਦੇ ਨਿੱਜੀ ਵੇਰਵਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ<br>ਜੇ ਤੁਸੀਂ ਆਨਲਾਈਨ ਆਰਡਰ ਨਹੀਂ ਕਰ ਸਕਦੇ, ਤਾਂ 119 'ਤੇ ਫੋਨ ਕਰੋ। |

| | |
|---|---|
| If you cannot place an order online, phone 119. | |
| **Collect rapid LFD tests to do at home**<br><br>Find your nearest coronavirus test site where LFD tests can be collected<br><br>You can collect packs of LFD test kits to do at home. You can collect up to two packs of seven test kits per household, or up to four packs of seven test kits if you’re collecting for multiple people.<br><br>You can collect your packs of LFD test kits between 3.30pm and 8pm. You do not need to book an appointment. | **ਘਰ ਵਿੱਚ ਕਰਨ ਲਈ ਰੈਪਿਡ LFD ਟੈਸਟ ਲਓ**<br><br>ਆਪਣੀ ਨਜ਼ਦੀਕੀ ਕੋਰੋਨਾਵਾਇਰਸ ਟੈਸਟ ਸਾਈਟ ਦਾ ਪਤਾ ਕਰੋ ਜਿੱਥੇ LFD ਟੈਸਟ ਪ੍ਰਾਪਤ ਕੀਤੇ ਜਾ ਸਕਦੇ ਹਨ<br><br>ਤੁਸੀਂ ਘਰ ਵਿੱਚ ਕਰਨ ਲਈ LFD ਟੈਸਟ ਕਿੱਟਾਂ ਦੇ ਪੈਕ ਇਕੱਤਰ ਕਰ ਸਕਦੇ ਹੋ। ਤੁਸੀਂ ਪ੍ਰਤੀ ਘਰ ਸੱਤ ਟੈਸਟ ਕਿੱਟਾਂ ਦੇ ਦੋ ਪੈਕ, ਜਾਂ ਸੱਤ ਟੈਸਟ ਕਿੱਟਾਂ ਦੇ ਚਾਰ ਪੈਕ ਤੱਕ ਲੈ ਸਕਦੇ ਹੋ ਜੇ ਤੁਸੀਂ ਕਈ ਲੋਕਾਂ ਲਈ ਲੈ ਰਹੇ ਹੋ।<br><br>ਤੁਸੀਂ ਸ਼ਾਮ 3.30 ਤੋਂ ਰਾਤ 8 ਵਜੇ ਦੇ ਵਿੱਚਕਾਰ LFD ਟੈਸਟ ਕਿੱਟਾਂ ਦੇ ਆਪਣੇ ਪੈਕ ਲੈ ਸਕਦੇ ਹੋ। ਤੁਹਾਨੂੰ ਇੱਕ ਮੁਲਾਕਾਤ ਬੁੱਕ ਕਰਨ ਦੀ ਲੋੜ ਨਹੀਂ ਹੁੰਦੀ ਹੈ। |
| **Collect rapid LFD tests from your nearest pharmacy**<br><br>Find your nearest participating pharmacy<br><br>You can collect one pack of seven LFD tests per person. If you’re collecting for a household, you can collect one pack for each household member.<br><br>You do not need to book an appointment, but you should check opening times. | **ਆਪਣੀ ਨਜ਼ਦੀਕੀ ਫਾਰਮੇਸੀ ਤੋਂ ਰੈਪਿਡ LFD ਟੈਸਟ ਪ੍ਰਾਪਤ ਕਰੋ**<br><br>ਨਜ਼ਦੀਕੀ ਭਾਗੀਦਾਰ ਫਾਰਮੇਸੀ ਪਤਾ ਕਰੋ ਆਪਣੀ<br><br>ਤੁਸੀਂ ਪ੍ਰਤੀ ਵਿਅਕਤੀ ਸੱਤ LFD ਟੈਸਟਾਂ ਦਾ ਇੱਕ ਪੈਕ ਪ੍ਰਾਪਤ ਕਰ ਸਕਦੇ ਹੋ। ਜੇ ਤੁਸੀਂ ਕਿਸੇ ਪਰਿਵਾਰ ਲਈ ਇਕੱਠਿਆਂ ਕਰ ਰਹੇ ਹੋ, ਤਾਂ ਤੁਸੀਂ ਘਰ ਦੇ ਹਰੇਕ ਮੈਂਬਰ ਲਈ ਇੱਕ ਪੈਕ ਲੈ ਸਕਦੇ ਹੋ।<br><br>ਤੁਹਾਨੂੰ ਮੁਲਾਕਾਤ ਬੁੱਕ ਕਰਨ ਦੀ ਜ਼ਰੂਰਤ ਨਹੀਂ ਹੈ, ਪਰ ਤੁਹਾਨੂੰ ਸ਼ੁਰੂਆਤੀ ਸਮੇਂ ਦੀ ਜਾਂਚ ਕਰਨੀ ਚਾਹੀਦੀ ਹੈ।<br><br>ਜੇ ਤੁਹਾਡੇ ਵਿੱਚ ਕੋਰੋਨਾਵਾਇਰਸ ਦੇ ਲੱਛਣ ਹੋਣ ਤਾਂ ਫਾਰਮੇਸੀ ਵਿੱਚ ਦਾਖਲ ਨਾ ਹੋਵੋ। ਤੁਰੰਤ ਆਪਣੇ ਆਪ ਨੂੰ ਵੱਖ ਕਰ ਲਵੋ ਅਤੇ ਇਸ ਦੀ ਬਜਾਏ PCR ਟੈਸਟ ਬੁੱਕ ਕਰੋ।<br><br>**ਘਰ ਵਿੱਚ ਰੈਪਿਡ LFD ਟੈਸਟ ਕਰਨ ਦੇ ਤਰੀਕੇ ਦਾ ਪਤਾ ਲਗਾਓ ਅਤੇ ਆਪਣੇ ਟੈਸਟ ਦੇ ਨਤੀਜੇ ਬਾਰੇ ਸਲਾਹ ਲਓ** |

| | |
|---|---|
| Do not enter a pharmacy if you have coronavirus symptoms. Self-isolate immediately and book a PCR test instead.<br><br>Find out how to do a rapid LFD test at home and get advice on your test result | |
| **Take your test on site**<br><br>You may be able to visit a community asymptomatic test site if they are available in your area. You can get tested at one of these sites if you do not have coronavirus symptoms.<br><br>Check if there is a community asymptomatic test site in your local authority | **ਸਾਈਟ 'ਤੇ ਆਪਣਾ ਟੈਸਟ ਲਓ**<br><br>ਤੁਸੀਂ ਕਿਸੇ ਕਮਿਊਨਿਟੀ ਅਸਿੰਪਟੋਮੈਟਿਕ ਟੈਸਟ ਸਾਈਟ ਵਿੱਚ ਜਾਣ ਦੇ ਯੋਗ ਹੋ ਸਕਦੇ ਹੋ ਜੇ ਉਹ ਤੁਹਾਡੇ ਖੇਤਰ ਵਿੱਚ ਉਪਲਬਧ ਹਨ। ਜੇ ਤੁਹਾਨੂੰ ਕੋਰੋਨਾਵਾਇਰਸ ਦੇ ਲੱਛਣ ਨਹੀਂ ਹਨ ਤਾਂ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਇੱਕ ਸਾਈਟ 'ਤੇ ਜਾਂਚ ਕਰਾ ਸਕਦੇ ਹੋ।<br><br>**ਪਤਾ ਕਰੋ ਕਿ ਕੀ ਤੁਹਾਡੇ ਸਥਾਨਕ ਅਥਾਰਟੀ ਵਿੱਚ ਕੋਈ ਕਮਿਊਨਿਟੀ ਅਸਿੰਪਟੋਮੈਟਿਕ ਟੈਸਟ ਸਾਈਟ ਹੈ** |
| **What to expect at community testing sites**<br><br>Watch this short video to find out what to expect when you attend a community testing site. Sites may vary slightly by local area.<br><br>Watch a video in British Sign Language (BSL), Cantonese, Hindi, Punjabi, Romanian or Urdu<br><br>Video transcript in English (PDF, 157 KB) | **ਕਮਿਊਨਿਟੀ ਜਾਂਚ ਸਾਈਟਾਂ 'ਤੇ ਕੀ ਉਮੀਦ ਕੀਤੀ ਜਾਵੇ**<br><br>ਜਦੋਂ ਤੁਸੀਂ ਕਿਸੇ ਕਮਿਊਨਿਟੀ ਜਾਂਚ ਸਾਈਟ 'ਤੇ ਜਾਂਦੇ ਹੋ ਤਾਂ ਕੀ ਉਮੀਦ ਕੀਤੀ ਜਾਵੇ ਇਸ ਬਾਰੇ ਪਤਾ ਲਗਾਉਣ ਲਈ ਇਹ ਛੋਟੀ ਵੀਡੀਓ ਵੇਖੋ। ਸਥਾਨਕ ਖੇਤਰਾਂ ਅਨੁਸਾਰ ਸਾਈਟਾਂ ਥੋੜੀਆਂ ਵੱਖਰੀਆਂ ਹੋ ਸਕਦੀਆਂ ਹਨ।<br><br>ਬ੍ਰਿਟਿਸ਼ ਸਾਈਨ ਭਾਸ਼ਾ (BSL), ਕੈਂਟੋਨੀਜ਼, ਹਿੰਦੀ, ਪੰਜਾਬੀ, ਰੋਮਾਨੀਆਈ ਜਾਂ ਉਰਦੂ ਵਿੱਚ ਵੀਡੀਓ ਦੇਖੋ<br><br>**ਅੰਗਰੇਜ਼ੀ ਵਿੱਚ ਵੀਡੀਓ ਟ੍ਰਾਂਸਕ੍ਰਿਪਟ (PDF, 157 KB)** |
| **Further information** | **ਹੋਰ ਕੋਈ ਜਾਣਕਾਰੀ**<br><br>• ਕੋਰੋਨਾਵਾਇਰਸ (COVID-19): ਆਮ ਸਲਾਹ |

| | |
|---|---|
| • Coronavirus (COVID-19): Report your lateral flow device (LFD) test result<br>• Coronavirus (COVID-19): General advice<br>• Coronavirus (COVID-19): Guidance for households with possible infection<br>• Coronavirus (COVID-19): How to do a rapid LFD test at home | • ਕੋਰੋਨਾਵਾਇਰਸ (COVID-19): ਸੰਭਾਵੀ ਲਾਗ ਵਾਲੇ ਘਰਾਂ ਲਈ ਮਾਰਗ ਦਰਸ਼ਨ<br>• ਕੋਰੋਨਾਵਾਇਰਸ (COVID-19): ਘਰ ਵਿੱਚ ਰੈਪਿਡ LFD ਟੈਸਟ ਕਿਵੇਂ ਕਰੀਏ |
| For more information about coronavirus (COVID-19) in Punjabi go to www.nhsinform.scot/translations/languages/punjabi-indian-script/illnesses-and-conditions/coronavirus-covid-19 | ਪੰਜਾਬੀ ਵਿੱਚ ਕੋਰੋਨਾਵਾਇਰਸ (COVID-19) ਬਾਰੇ ਵਧੇਰੇ ਜਾਣਕਾਰੀ ਲਈ www.nhsinform.scot/translations/languages/punjabi-indian-script/illnesses-and-conditions/coronavirus-covid-19 'ਤੇ ਜਾਓ। |
| 14 July 2021 | |